Punjabi Jagran (05 December, 2014)

# ਐਸਪੀ ਸਿੰਘ ਓਬਰਾਏ ਪਹਿਲੇ ਸਿੱਖ ਕੌਂਸਲਰ ਜਨਰਲ ਨਿਯੁਕਤ

**ਸਟਾਫ ਰਿਪੋਰਟਰ, ਪਟਿਆਲਾ** : ਦੁਬਈ ਦੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਐਸ. ਪੀ ਸਿੰਘ ਓਬਰਾਏ ਨੂੰ ਯੂਰਪ ਦੇ ਸਬੋਰਗਾ ਦੇਸ਼ ਵਲੋਂ ਭਾਰਤ ਦਾ ਕੌਂਸਲੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਅਜਿਹਾ ਇਹ ਪਹਿਲਾ ਮੌਕਾ ਹੈ ਕਿ ਕਿਸੇ ਸਿੱਖ ਨੂੰ ਯੂਰਪ ਦੇ ਦੇਸ਼ ਵਲੋਂ ਬਹੁਤ ਉੱਚਾ ਮਾਨ ਦਿੱਤਾ ਗਿਆ ਹੋਵੇ। ਓਬਰਾਏ ਕਿਸੇ ਵੀ ਯੂਰਪੀਅਨ ਦੇਸ਼ ਵਲੋਂ ਪਹਿਲੇ ਸਿੱਖ ਰਾਜਦੂਤ ਨਿਯੁਕਤ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸੇ ਸਾਲ ਓਬਰਾਏ ਨੂੰ ਹਾਊਸ ਆਫ ਲਾਰਡ ਵਿਖੇ ਸਿੱਖ ਆਫ ਯੀਅਰ ਐਵਾਰਡ ਨਾਲ ਵੀ ਸਨਮਾਨਿਆ ਜਾ ਚੁੱਕਾ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਸਬੋਰਗਾ 'ਚ ਕਾਉਂਸਲਰ ਕਾਰਪਸ ਆਫ ਪ੍ਰਿੰਸੀਪੈਲਿਟੀ ਆਫ ਸਬੋਰਗਾ ਦੇ ਪ੍ਰਿੰਸ ਮਾਰਸੈਲ ਵਲੋਂ ਸੁਰਿੰਦਰਪਾਲ ਸਿੰਘ ਓਬਰਾਏ ਦੀ ਭਾਰਤ ਵਿਚ ਸਬਰਗਾ ਦੇ ਕੌਂਸਲਰ ਜਨਰਲ ਦੀ ਨਿਯੁਕਤੀ ਦਾ ਆਦੇਸ਼ ਜਾਰੀ ਕੀਤਾ। ਟਰੱਸਟ ਤੋਂ ਜਾਰੀ ਇਕ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਸਬੋਰਗਾ ਦੇ ਪ੍ਰਿੰਸ ਵਲੋਂ ਓਬਰਾਏ ਨੂੰ ਦੋ ਪਾਸਪੋਰਟ ਵੀ ਜਾਰੀ ਕੀਤੇ ਗਏ ਹਨ। ਜਿਨ੍ਹਾਂ ਵਿਚ ਸਬੋਰਗਾ ਦੇਸ਼ ਦੇ ਪਾਸਪੋਰਟ ਤੋਂ ਇਲਾਵਾ ਕਲੱਬ ਡਿਪਲੋਮੈਟ- ਸੀ.ਡੀ. ਪਾਸਪੋਰਟ ਵੀ ਜਾਰੀ ਕੀਤਾ ਗਿਆ ਹੈ। ਇਸ ਸੀ.ਡੀ ਪਾਸਪੋਰਟ ਦੀ ਅੰਤਰਾਸ਼ਟਰੀ ਪੱਧਰ 'ਤੇ ਬਹੁਤ ਵੱਡੀ ਮਾਨਤਾ ਹੈ। ਇਸ ਤਾਜਪੋਸ਼ੀ ਸਮਾਗਮ ਵਿਚ ਭਾਰਤ ਵਲੋਂ ਵਿਸ਼ੇਸ਼ ਡੈਲੀਗੇਸ਼ਨ, ਜਿਸ ਵਿਚ ਸਰਵ ਸ੍ਰੀ ਅਮੀਸ਼ ਅਰੋੜਾ, ਐਚ.ਵੀ. ਜੈਨ ਅਤੇ ਕੰਵਰਜੀਤ ਸਿੰਘ ਕੋਛੜ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਸਰਬੀਆ ਅਤੇ ਹੰਗਰੀ ਵਿੱਚ ਸਬੋਰਗਾ ਦੇ ਕੰਸੋਲੇਟ ਜਨਰਲ ਜਾਲਟਨ ਕਬਾਈ, ਫਰਾਂਸ ਵਿਚ ਕੰਸੋਲੇਟ ਬੈਰੋਨ ਟ੍ਰਿਕੁਐਟ, ਸਬੋਰਗਾ ਦੇ ਮੰਤਰੀ ਪ੍ਰੋ. ਮਾਰਸੈਲ ਵੈਲੇਂਟਿਨ, ਨੀਨਾ ਮੈਨੇਗਾਟੋ, ਸੈਰਾ ਮਾਰੀਆ ਕਰਮੇਲਾ, ਕਾਰਾਸੇਲ ਮਾਓਰੋ, ਜਾਨੀ ਡੇਨੀਅਲ ਅਤੇ ਫੈਲਬੋ ਡੋਮੈਨਿਕੋ ਤੇ ਕਈ ਡਿਪਲੋਮੈਟਿਕ ਪ੍ਰਤੀਨਿਧ ਹਾਜ਼ਰ ਸਨ।



ਐਸਪੀ ਸਿੰਘ ਓਬਰਾਏ ਨੂੰ ਸਨਮਾਨ ਕੀਤੇ ਜਾਣ ਦਾ ਦ੍ਰਿਸ਼।